# ਸ਼੍ਰੇਣੀ ਅੱਠਵੀਂ
# ਸੰਗੀਤ ਗਾਇਨ
## ਪੇਪਰ - ਏ

ਸਮਾਂ ਲਿਖਤੀ -3 ਘੰਟੇ
ਪ੍ਰਯੋਗੀ:20 ਮਿੰਟ (ਪ੍ਰਤੀ ਵਿਦਿਆਰਥੀ)

ਲਿਖਤੀ:-40 ਅੰਕ
ਪ੍ਰਯੋਗੀ :- 50 ਅੰਕ
ਸੀ.ਸੀ.ਈ. :-10 ਅੰਕ
ਕੁੱਲ :-100 ਅੰਕ

### ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਲਿਖਤੀ)

1. ਲਿਖਤੀ ਪ੍ਰਸ਼ਨ-ਪੱਤਰ ਵਿੱਚ ਕੁੱਲ 23 ਪ੍ਰਸ਼ਨ ਹੋਣਗੇ।
2. ਪ੍ਰਸ਼ਨ ਪੱਤਰ ਦੇ ਕੁੱਲ ਤਿੰਨ ਭਾਗ ਹੋਣਗੇ।

ਭਾਗ-1 ਵਿੱਚੋਂ 9 ਵਸਤੂਨਿਸ਼ਠ ਪ੍ਰਸ਼ਨ (ਪ੍ਰ. ਨੰ: 1-9) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਤੋਂ ਵੱਧ ਨਹੀ ਹੋਣਾ ਚਾਹੀਦਾ ਹੈ। 9×1=9 ਅੰਕ

ਭਾਗ- 2 ਵਿੱਚੋਂ 10 ਸੰਖੇਪਾਤਮਕ ਪ੍ਰਸ਼ਨ (ਪ੍ਰ. ਨੰ: 10-19) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਇਹਨਾਂ 10 ਪ੍ਰਸ਼ਨਾਂ ਵਿੱਚੋ ਕੋਈ 7 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ।

7×3=21 ਅੰਕ

ਭਾਗ-3 ਵਿੱਚੋਂ 4 ਨਿਬੰਧਾਤਮਕ ਪ੍ਰਸ਼ਨ (ਪ੍ਰ. ਨੰ: 20-23) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। ਇਹਨਾਂ 4 ਪ੍ਰਸ਼ਨਾਂ ਵਿੱਚੋ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। 5×2=10 ਅੰਕ

### ਭਾਗ ਵਾਇਜ਼ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ

| ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਸੰਖਿਆ | ਭਾਗ ਵਾਇਸ ਪ੍ਰਸ਼ਨਾਂ ਦੀ ਵੰਡ | | ਕੁੱਲ ਅੰਕ |
|---|---|---|---|---|---|
| | | | ਭਾਗ - ੳ | ਭਾਗ - ਅ | |
| ਵਸਤੂਨਿਸ਼ਠ ਪ੍ਰਸ਼ਨ | 1 ਅੰਕ | 09 | 5 | 4 | 09 |
| ਛੋਟੇ ਉੱਤਰਾਂ ਵਾਲੇ ਪ੍ਰਸ਼ਨ | 3 ਅੰਕ | 10 | 6 | 4 | 21 |
| ਨਿਬੰਧਾਤਮਕ ਪ੍ਰਸ਼ਨ | 5 ਅੰਕ | 04 | 2 | 2 | 10 |
| ਕੁੱਲ | | 23 | 13 | 10 | 40 |

(12)

# ਮਾਡਲ ਟੈਸਟ ਪੇਪਰ

**ਭਾਗ-I : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਲਿਖੋ:-**

1. ਰਾਗ ਦੀਆਂ ਕੁਲ ਕਿੰਨੀਆਂ ਜਾਤੀਆਂ ਹੁੰਦੀਆਂ ਹਨ ?
2. ਸੰਪੂਰਣ ਜਾਤੀ ਦੇ ਰਾਗਾਂ ਵਿੱਚ ਕੁਲ ਕਿੰਨੇ ਸਵਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ?
3. ਤਾਨਪੂਰੇ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?
4. ਤਾਨਪੂਰੇ ਦੀਆਂ ਕੁਲ ਕਿੰਨੀਆਂ ਤਾਰਾਂ ਹੁੰਦੀਆਂ ਹਨ ?
5. ਥਾਟਾਂ ਦੀ ਸੰਖਿਆ ਕਿੰਨੀ ਮੰਨੀ ਜਾਂਦੀ ਹੈ ?
6. ਰਾਗ ਭੈਰਵੀ ਕਿਸ ਥਾਟ ਦਾ ਰਾਗ ਹੈ ?
7. ਰਾਗ ਖਮਾਜ ਕਿਸ ਜਾਤੀ ਦੀ ਰਾਗ ਹੈ ?
8. ਝਪਤਾਲ ਦੀਆਂ ਕੁਲ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ ?
9. ਇੱਕ ਤਾਲ ਦੇ ਕੁਲ ਕਿੰਨੇ ਵਿਭਾਗ ਹਨ ?

**[1×9= 9]**

**ਭਾਗ-II : ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ ਦਿਓ:-**

10. ਜਾਤੀ ਕਿਸਨੂੰ ਆਖਦੇ ਹਨ ? ਰਾਗ ਦੀਆਂ ਮੁੱਖ ਜਾਤੀਆਂ ਬਾਰੇ ਦੱਸੋ ?
11. ਤਾਲ ਦਾ ਆਵਰਤਨ ਕਿਸਨੂੰ ਆਖਦੇ ਹਨ ?
12. ਥਾਟ ਕਿਸਨੂੰ ਆਖਦੇ ਹਨ ? ਕੋਈ ਤਿੰਨ ਥਾਟਾਂ ਦਾ ਵਿਵਰਣ ਦਿਓ।
13. ਗਾਇਕ ਦੇ ਗੁਣ ਲਿਖੋ।
14. ਸਵਰਲਿਪੀ ਕਿਸਨੂੰ ਕਹਿੰਦੇ ਹਨ ?
15. ਸ਼ੁਧ, ਕੋਮਲ ਅਤੇ ਤੀਵਰ ਸਵਰਾਂ ਦੇ ਚਿੰਨ੍ਹਾਂ ਬਾਰੇ ਦੱਸੋ।
16. ਰਾਗ ਭੈਰਵੀ ਦੀ ਜਾਣ ਪਛਾਣ ਦੱਸੋ।
17. ਰਾਗ ਖਮਾਜ ਦਾ ਆਰੋਹ, ਅਵਰੋਹ ਅਤੇ ਪਕੜ ਲਿਖੋ।
18. ਝਪਤਾਲ ਦਾ ਨਾਮ ਝਪਤਾਲ ਕਿਵੇਂ ਪਿਆ।
19. ਇੱਕਤਾਲ ਦੀ ਜਾਣ ਪਛਾਣ ਦੱਸੋ।

**[3×7=21]**

**ਭਾਗ-III : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ:-**

20. ਤਾਨਪੂਰੇ ਦੀ ਜਾਣਕਾਰੀ ਦਿੰਦੇ ਹੋਏ ਇਸਦੇ ਭਾਗਾਂ ਦਾ ਵਰਣਨ ਕਰੋ।
21. ਪੰਡਤ ਦਲੀਪ ਚੰਦਰ ਬੇਦੀ ਜੀ ਦੀ ਜੀਵਨੀ ਲਿਖੋ।
22. ਰਾਗ ਖਮਾਜ ਦੇ ਦਰੁੱਤ ਖਿਆਲ ਦੀ ਸਵਰਲਿਪੀ ਲਿਖੋ।
23. ਇੱਕਤਾਲ ਦੀ ਇੱਕਗੁਣ ਲੈਅਕਾਰੀ ਲਿਖੋ।

**[5×2=10]**